2288 – 555 West Hastings Street
PO Box 12118
Vancouver, BC Canada V6B 4N6

TEL 604-660-1232 or 1-866-667-1232
TTY LINE 604-660-1041 or 1-866-667-1233
FAX 604-660-1236
info@citizensassembly.bc.ca
www.citizensassembly.bc.ca

## **ਅਰੰਭਕ ਸਟੇਟਮੈਂਟ ਮਾਰਚ** 21, 2004

ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਲਈ ਅਰੰਭਕ ਸਟੇਟਮੈਂਟ

ਸਿਟੀਜਨਜ਼ ਅਸੈਂਬਲੀ ਔਨ ਇਲੈਕਟੋਰਲ ਰੀਫੌਰਮ ਸੰਸਥਾ ਨੇ ਆਪਣੇ ਕੰਮ ਦਾ ਪਹਿਲਾ ਪਹਿਲੂ ਮੁਕੰਮਲ ਕਰ ਲਿਆ ਹੈ ਅਤੇ ਬੜੀ ਤੀਬਰਤਾ ਨਾਲ ਇਸ ਬਾਰੇ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੇ ਵਿਚਾਰਾਂ ਦੀ ਉਡੀਕ ਕੀਤੀ ਜਾ ਰਹੀ ਹੈ । ਇਸ ਸੰਬੰਧ ਵਿੱਚ ਸਾਰੇ ਸੂਬੇ ਵਿੱਚ ਸਾਰੇ ਭਾਈਚਾਰਿਆਂ ਲਈ ਮਈ ਤੇ ਜੂਨ ਵਿੱਚ ਜਨਤਕ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ ਹੈ ਜਿਹਨਾਂ ਵਿੱਚ ਲੋਕਾਂ ਦੇ ਵਿਚਾਰ ਸੁਣੇ ਜਾਣਗੇ । ਇਸ ਰਿਪੋਰਟ ਵਿੱਚ ਅਸੀਂ ਦੱਸਿਆ ਹੈ ਕਿ ਹੁਣ ਤੱਕ ਅਸੀਂ ਕੀ ਕੁੱਝ ਸੰਪੂਰਨ ਕੀਤਾ ਹੈ ਅਤੇ ਇਸ ਵਿਚਲੇ ਮੌਜੂਦਾ ਮਤਦਾਤਾ ਸਿਸਟਮ ਦੀ ਸ਼ਕਤੀ ਤੇ ਕਮਜ਼ੋਰੀ ਦਾ ਵੀ ਮੁਲਾਂਕਣ ਕੀਤਾ ਗਿਆ ਹੈ ਜਿਸ ਬਾਰੇ ਤੁਹਾਡੀ ਰਾਇ ਲੈਣਾ ਚਾਹੁੰਦੇ ਹਾਂ ਤੇ ਇਸ ਦੇ ਨਾਲ ਹੀ ਮਤਦਾਤਾ ਸਿਸਟਮ ਦੇ ਲੱਛਣਾਂ ਦੀ ਪ੍ਰਵੀਣਤਾ ਬਾਰੇ ਵੀ ਵਧੇਰੇ ਬਹਿਸ ਤੇ ਵਿਚਾਰ-ਵਟਾਂਦਰੇ ਦੀ ਲੋੜ ਮਹਿਸੂਸ ਕਰਦੇ ਹਾਂ ।

ਇਸ ਸਮੇਂ 'ਅਸੈਂਬਲੀ' ਕਿਸੇ ਵੀ ਨਤੀਜੇ ਤੇ ਨਹੀਂ ਪਹੁੰਚੀ ਕਿ ਕੀ ਮੌਜੂਦਾ ਸਿਸਟਮ ਵਿੱਚ ਸੁਧਾਰ ਦੀ ਕੋਈ ਲੋੜ ਹੈ । ਅਸਲ ਵਿੱਚ ਅਸੀਂ ਜਾਣ-ਬੁੱਝ ਕੇ ਇਸ ਵੱਲ ਧਿਆਨ ਨਹੀਂ ਦਿੱਤਾ । ਅਸੀਂ ਅਜੇ ਲੋਕਤੰਤਰ ਮਤਦਾਤਾ ਸਿਸਟਮ ਬਾਰੇ ਗਿਆਨ ਹਾਸਲ ਕਰਨ ਵਿੱਚ ਰੁੱਝੇ ਹੋਏ ਹਾਂ ਅਤੇ ਆਪਣੇ ਸਾਥੀ ਸ਼ਹਿਰੀਆਂ ਪਾਸੋਂ ਸੁਣਨਾ ਚਾਹੁੰਦੇ ਹਾਂ ਕਿ ਉਹ ਇਸ ਬਾਰੇ ਕੀ ਸੋਚਦੇ ਹਨ । ਇਹ ਬਹਿਸ ਤੇ ਵਿਚਾਰ-ਵਟਾਦਰੇ ਦਾ ਸਮਾਂ ਹੈ ਅਤੇ ਅਸੀਂ ਸਾਰੇ ਹੀ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਸਾਡੇ ਨਾਲ ਇਸ ਪ੍ਰਕ੍ਰਿਆ ਵਿੱਚ ਸ਼ਾਮਲ ਹੋਣ ।

### 1. **ਬੀ. ਸੀ. ਸਿਟੀਜ਼ਨਜ਼ ' ਅਸੈਂਬਲੀ ਔਨ ਇਲੈਕਟੋਰਲ ਰੀਫੋਰਮ**

ਸਪੱਸ਼ਟ ਅਧਿਕਾਰਾਂ ਦੇ ਨਾਲ ਸਰਕਾਰ ਅਤੇ ਵਿਧਾਨ ਸਭਾ ਨੇ 2003 ਦੀ ਬਸੰਤ ਰੁੱਤੇ "ਬ੍ਰਿਟਿਸ਼ ਕੋਲੰਬੀਆ ਸਿਟੀਜਨਜ਼ ' ਅਸੈਂਬਲੀ ਔਨ ਇਲੈਕਟੋਰਲ ਰੀਫਾਰਮ" ਦੀ ਸੰਸਥਾ ਸਥਾਪਤ ਕੀਤੀ । "ਇਸ ਨੇ *ਵਿਧਾਨ ਸਭਾ ਦੇ ਮੈਂਬਰਾਂ ਦੀ ਚੋਣ ਲਈ ਵੱਖ ਵੱਖ ਮਾਡਲਾਂ ਦਾ ਮੁਲਾਂਕਣ ਕਰਨਾ ਹੈ ।"* ਅਤੇ ਖਾਸ ਤੌਰ 'ਤੇ ਉਸ ਵਿਧੀ ਦਾ ਜਿਸ ਰਾਹੀਂ ਵੋਟਰਾਂ ਦੀਆਂ ਵੋਟਾਂ ਵਿਧਾਨ ਸਭਾ ਦੀਆਂ ਸੀਟਾਂ ਵਿੱਚ ਬਦਲਦੀਆਂ ਹਨ ।" ਜੇਕਰ ਵਿਧਾਨ ਸਭਾ ਨੇ ਇਹ ਨਤੀਜਾ ਕੱਢਿਆ ਕਿ ਮੌਜੂਦਾ ਮਾਡਲ ਜਿਹੜਾ ਕਿ ਹੁਣ ਇਸਤੇਮਾਲ ਕੀਤਾ ਜਾ ਰਿਹਾ ਹੈ, ਉਸ ਦੀ ਬਜਾਏ ਕਿਸੇ ਦੂਸਰੇ ਮਾਡਲ ਨੂੰ ਅਪਨਾਉਣਾ ਹੋਵੇਗਾ ਤਾਂ ਇਸ ਦੀਆਂ ਸਿਫਾਰਸ਼ਾਂ ਰੈਫਰੰਡਮ ਦੇ ਰੂਪ ਵਿੱਚ ਸੂਬੇ ਦੇ ਵੋਟਰਾਂ ਦੇ ਸਾਹਮਣੇ 17 ਮਈ, 2005 ਨੂੰ ਪੇਸ਼ ਕੀਤੀਆਂ ਜਾਣਗੀਆਂ ਜੋ ਕਿ ਆਉਣ ਵਾਲੀ ਸੂਬਾਈ ਚੋਣ ਦੀ ਨਿਸ਼ਚਿਤ ਕੀਤੀ ਹੋਈ ਮਿਤੀ ਹੈ । ਸਿਫਾਰਸ਼ ਕਰਨ ਵੇਲੇ "ਅਸੈਂਬਲੀ ਇਹ ਯਕੀਨੀ ਬਣਾਏਗੀ ਕਿ ਇਹ "ਕੈਨੇਡਾ ਦੇ ਵਿਧਾਨ ਅਤੇ ਵੈਸਟਮਿਨਸਟਰ ਪਾਰਲੀਮੈਂਟਰੀ ਸਿਸਟਮ ਦੋਨਾਂ ਦੇ ਅਨਕੂਲ ਹੈ ।"

ਸਿਟੀਜਨਜ਼ ਅਸੈਂਬਲੀ, ਆਰਡਰ-ਇਨ ਕੌਂਸਲ ਰਾਹੀਂ ਸਥਾਪਤ ਕੀਤੀ ਗਈ ਸੀ । ਜਿਸ ਵੱਲੋਂ ਇਹ ਵਿਵਸਥਾ ਰੱਖੀ ਗਈ ਕਿ ਕਾਰਜਕਾਰੀ ਸਿਆਸਤਦਾਨਾਂ ਤੋਂ ਬਿਨਾਂ ਉਹ ਸਾਰੇ ਬ੍ਰਿਟਿਸ਼ ਕੋਲੰਬੀਆ ਨਿਵਾਸੀ ਇਸ ਦੇ ਮੈਂਬਰ ਬਣ ਸਕਦੇ ਹਨ ਜਿਹੜੇ ਕਿ ਸੂਬੇ ਦੀ ਵੋਟਰ ਲਿਸਟ ਵਿੱਚ ਹਨ । ਵਿਧਾਨ ਸਭਾ ਨੇ ਸਰਬ ਸੰਮਤੀ ਨਾਲ ਜੈਕ ਬਲੇਨੇ (Jack Blaney) ਨੂੰ ਅਸੈਂਬਲੀ ਦਾ ਚੇਅਰਮੈਨ ਬਣਾਇਆ ਅਤੇ ਉਸ ਨੂੰ ਆਪਣੇ ਸਟਾਫ ਨੂੰ ਦਿਸ਼ਾ ਪ੍ਰਦਾਨ ਕਰਨ (ਸੇਧ ਦੇਣ) ਦਾ ਕੰਮ ਸੌਂਪਿਆ । ਦੋ ਪੜਾਵਾਂ ਵਿੱਚ ਸਹਿਜ ਸੁਭਾਅ ਚੋਣ ਪ੍ਰਕ੍ਰਿਆ - ਬੜੀ ਸਾਵਧਾਨੀ ਨਾਲ ਸੂਬੇ ਦੇ ਸਾਰੇ ਚੋਣ ਜ਼ਿਲ੍ਹਿਆਂ ਵਿੱਚੋਂ ਲਿੰਗ ਅਤੇ ਉਮਰ ਦੇ ਅਧਾਰ ਤੇ ਸਟਾਫ ਦੀ

ਚੋਣ ਕਰਕੇ ਇੱਕ ਸੰਤੁਲਤ ਰੂਪ ਦੇਣਾ । ਇਸ ਪ੍ਰਕ੍ਰਿਆ ਦੇ ਅਧਾਰ ਤੇ ਅੱਗੋਂ ਸੂਬੇ ਦੀ ਵੋਟਰ ਲਿਸਟ ਵਿੱਚੋਂ ਸਹਿਜ ਸੁਭਾਅ 160 ਸ਼ਹਿਰੀਆਂ ਦੀ ਚੋਣ ਕਰਕੇ ਅਸੈਂਬਲੀ ਦੀ ਮੈਂਬਰਸ਼ਿਪ ਬਣਾਉਣਾ ।

ਕਾਰਜਕਾਰੀ ਸਿਆਸਤਦਾਨਾਂ ਤੋਂ ਬਿਨਾਂ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰੀਆਂ ਦੀ ਪ੍ਰਤਿਨਿਧਤਾ ਕਰਨ ਵਾਲੇ ਗਰੁੱਪ ਨਾਲ ਇਹ ਅਸੈਂਬਲੀ ਬਣੀ ਹੈ । ਇਸ ਦੇ ਮੈਂਬਰਾਂ ਦੀ ਉਮਰ 19 ਤੋਂ 78 ਸਾਲ ਤੱਕ ਦੀ ਹੈ । ਉਹ ਸਾਰੇ ਭਿੰਨ ਭਿੰਨ ਪਿਛੋਕੜ ਵਿੱਚੋਂ, ਐਥਨਿਕ ਭਾਈਚਾਰੇ ਅਤੇ ਵੱਖੋ-ਵੱਖਰੇ ਕੰਮਾਂ-ਕਾਰਾਂ ਵਿੱਚੋਂ ਲਏ ਗਏ ਹਨ । ਇਹ ਸਾਰੇ ਹੀ ਸੂਬੇ ਦੇ ਲੋਕਤੰਤਰ ਅਤੇ ਆਮ ਸਿਆਸੀ ਜ਼ਿੰਦਗੀ ਦੀ ਬਿਹਤਰੀ ਨਾਲ ਸੰਬੰਧਤ ਹਨ । ਇਹ ਸਾਰੇ 2004 ਵਿੱਚ ਇਕੱਠੇ ਕੰਮ ਕਰਨ ਲਈ ਵਚਨ-ਬੱਧ ਹਨ । ਇਹ ਸਾਰੇ ਇਹ ਨਿਰਣਾ ਕਰਨ ਲਈ ਬੜੀ ਗੰਭੀਰਤਾ ਤੇ ਹਿੰਮਤ ਨਾਲ ਚੋਣ ਸਿਸਟਮ ਦਾ ਮੁਲਾਂਕਣ ਕਰਨ ਲਗੇ ਹੋਏ ਹਨ ਕਿ ਕੀ ਕੋਈ ਦੂਜਾ ਸਿਸਟਮ ਵੀ ਹੋ ਸਕਦਾ ਹੈ ਜੋ ਸੂਬੇ ਲਈ ਜ਼ਿਆਦਾ ਚੰਗਾ ਹੋਵੇ ।

ਅਸੈਂਬਲੀ ਦਾ ਕੰਮ ਤਿੰਨ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ । ਪਹਿਲਾ ਹਿੱਸਾ ਜੋ ਪੂਰਾ ਹੋ ਚੁੱਕਿਆ ਹੈ ਉਹ ਹੈ ਮੌਜੂਦਾ ਲੋਕਤੰਤਰ ਵਿੱਚ ਵਰਤੇ ਜਾਂਦੇ ਚੋਣ ਸਿਸਟਮਾਂ ਦਾ ਵਿਸਥਾਰ-ਪੂਰਵਕ ਅਧਿਅਨ ਕਰਨਾ । ਇਹ ਸਪੱਸ਼ਟ ਤੌਰ ਤੇ ਸਾਬਤ ਹੋ ਗਿਆ ਹੈ ਕਿ ਕੋਈ ਵੀ ਦੋ ਦੇਸ਼ ਬਿਲਕੁੱਲ ਇੱਕੋ ਜਿਹਾ ਸਿਸਟਮ ਇਸਤੇਮਾਲ ਨਹੀਂ ਕਰਦੇ । ਅਸੈਂਬਲੀ ਦੇ ਸਾਹਮਣੇ ਇਹ ਤੱਥ ਆਏ ਹਨ ਕਿ ਕੋਈ ਵੀ ਸਿਸਟਮ ਸੰਪੂਰਨ ਨਹੀਂ ਹੈ । ਸਾਰੇ ਹੀ ਚੋਣ ਸਿਸਟਮ, ਚੋਣ ਵਿੱਚ ਭਾਗ ਲੈਣ ਵਾਲਿਆਂ ਵੱਲੋਂ ਕੁੱਝ ਲੈ ਦੇ ਕੇ ਮਨਭਾਉਂਦੇ ਬਣਾਏ ਗਏ ਹੁੰਦੇ ਹਨ । ਹਰ ਸਿਸਟਮ ਲਈ ਇਹ ਜ਼ਰੂਰੀ ਹੈ ਕਿ ਉਹ ਉਸ ਕਮਿਊਨਿਟੀ ਦੀਆਂ ਕਦਰਾਂ ਕੀਮਤਾਂ ਨੂੰ ਰੂਪਮਾਨ ਕਰਦਾ ਹੋਵੇ ਜਿਸ ਕਮਿਊਨਿਟੀ ਨੇ ਇਸ ਸਿਸਟਮ ਨੂੰ ਇਸਤੇਮਾਲ ਕਰਨਾ ਹੋਵੇ । ਇਸ ਸਟੇਟਮੈਂਟ ਦੇ ਅਗਲੇ ਹਿੱਸੇ ਵਿੱਚ ਆਪਣੇ ਅਧਿਅਨ ਤੇ ਸਮਝ ਦੇ ਅਧਾਰ ਤੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਚਲ ਰਹੇ ਸਿਸਟਮ ਦੀਆਂ ਸ਼ਕਤੀਆਂ ਤੇ ਕਮਜ਼ੋਰੀਆਂ ਬਾਰੇ ਰਿਪੋਰਟ ਦੇਵਾਂਗੇ ।

ਅਸੈਂਬਲੀ ਦੇ ਕੰਮ ਦਾ ਦੂਸਰਾ ਹਿੱਸਾ (ਪਹਿਲੂ) ਹੈ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਦੇ ਵਿਚਾਰਾਂ ਨੂੰ ਬੜੀ ਸਾਵਧਾਨੀ ਨਾਲ ਸੁਣਨਾ । ਉਹ ਕਿਹੋ ਜਿਹੀ ਸਿਆਸਤ ਦੇਖਣਾ ਚਾਹੁੰਦੇ ਹਨ ? ਉਹ ਕਿਹੋ ਜਿਹਾ ਚੋਣ ਸਿਸਟਮ ਚਾਹੁੰਦੇ ਹਨ ਜਿਸ ਨੂੰ ਉਹ ਸਮਝਣ ਕਿ ਇਹ ਢੁਕਵਾਂ ਅਤੇ ਲੋੜੀਂਦਾ ਹੈ । ਸੂਬੇ ਭਰ ਵਿੱਚ ਜਨਤਾ ਦੇ ਵਿਚਾਰ ਸੁਣਨ ਵਾਲੀਆਂ ਮੀਟਿੰਗਾਂ ਵਿੱਚ ਅਸੈਂਬਲੀ ਮੈਂਬਰ ਭਾਗ ਲੈਣਗੇ ਅਤੇ ਜਨਤਾ ਵੱਲੋਂ ਦਿੱਤੇ ਗਏ ਵਿਚਾਰਾਂ ਦਾ ਅਧਿਅਨ ਕਰਨਗੇ ।
(ਇਹ ਸਾਡੀ ਵੈਬਸਾਈਟ ਤੇ ਉਪਲੱਬਧ ਹੈ www.citizensassembly.bc.ca).

ਅਸੈਂਬਲੀ ਦੇ ਕੰਮ ਦਾ ਤੀਜਾ (ਹਿੱਸਾ) ਪਤਝੜ (ਫਾਲ) 2004 ਦਾ ਸਕੈਜੂਅਲ ਹੈ । ਜਿਸ ਸਮੇਂ ਅਸੈਂਬਲੀ ਰਸਮੀ ਤੌਰ ਤੇ ਪੇਸ਼ ਕੀਤੀਆਂ ਗਈਆਂ ਤਜਵੀਜ਼ਾਂ ਨੂੰ ਸੁਣਨ ਲਈ ਮੀਟਿੰਗ ਕਰੇਗੀ । ਬਦਲਵੇਂ ਸਿਸਟਮ ਸੰਬੰਧੀ ਪੇਸ਼ ਕੀਤੀਆਂ ਗਈਆਂ ਤਜਵੀਜ਼ਾਂ ਨੂੰ ਸੁਣੇਗੀ ਤੇ ਫਿਰ ਮੈਂਬਰਾਂ ਵਿਚਕਾਰ ਇਸ ਤੇ ਬਹਿਸ ਹੋਵੇਗੀ ਤੇ ਵਿਚਾਰ ਵਟਾਂਦਰਾ ਹੋਵੇਗਾ ਤਾਂ ਕਿ ਅਸੈਂਬਲੀ ਮੈਂਬਰ ਆਪਣੀਆਂ ਅੰਤਿਮ ਸਿਫਾਰਸ਼ਾਂ ਸਮੇਤ ਇੱਕ ਡਰਾਫਟ ਤਿਆਰ ਕਰਕੇ ਆਪਣੇ ਸਾਥੀ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਸਾਹਮਣੇ ਪੇਸ਼ ਕਰ ਸਕਣ । ਮੈਂਬਰ ਇਹ ਚਾਹੁਣਗੇ ਕਿ ਅਸੈਂਬਲੀ ਜਾਂ ਤਾਂ ਮੌਜੂਦਾ ਸਿਸਟਮ ਦਾ ਸਮੱਰਥਨ ਕਰੇ ਜਾਂ ਫਿਰ ਖਾਸ ਬਦਲਵਾਂ ਸਿਸਟਮ ਤਜਵੀਜ਼ ਕਰੇ ।

ਇਸ ਸਟੇਟਮੈਂਟ ਨਾਲ ਪਹਿਲੇ ਹਿੱਸੇ ਦੇ ਅੰਤ ਦਾ ਸੰਕੇਤ ਹੋ ਜਾਵੇਗਾ ਅਤੇ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਉਸ ਮੁਢਲੇ ਮੁਲਾਂਕਣ ਤੇ ਵਿਚਾਰ ਕਰਨ ਲਈ ਤੇ ਇਸ ਦਾ ਪ੍ਰਤਿਕਰਮ ਦੱਸਣ ਲਈ ਕਿਹਾ ਜਾਵੇਗਾ ਜਿਹੜਾ ਮੁਲਾਂਕਣ ਅਸੈਂਬਲੀ ਮੈਂਬਰਾਂ ਨੇ ਮੌਜੂਦਾ ਚੋਣ ਸਿਸਟਮ ਦੇ ਅਧਾਰ ਤੇ ਕੀਤਾ ਹੈ ਅਤੇ ਉਹਨਾਂ ਦੇ ਸੁਝਾਅ ਲਏ ਜਾਣਗੇ ਜਿਹਨਾਂ ਤੇ ਅੱਗੋਂ ਵਿਚਾਰ ਕੀਤਾ ਜਾਵੇਗਾ ।

## 2. ਅਸੈਂਬਲੀ ਦਾ ਹੁਣ ਤੱਕ ਦਾ ਕੰਮ

ਜਨਵਰੀ ਤੋਂ ਮਾਰਚ ਤੱਕ 6 ਵੀਕ ਐਂਡ ਤੱਕ ਗਿਆਨ ਪ੍ਰਾਪਤ ਕਰਨ ਦਾ ਕੰਮ ਚਲਦਾ ਰਿਹਾ । ਅਸੈਂਬਲੀ ਮੈਂਬਰਾਂ ਨੇ ਇਕੱਠੇ ਹੋ ਕੇ ਸਖਤ ਮਿਹਨਤ ਕਰਕੇ ਇਹ ਜਾਣਨਾ ਚਾਹਿਆ ਕਿ ਸਾਡਾ ਸਿਆਸੀ ਸਿਸਟਮ ਕਿਵੇਂ ਚਲਦਾ ਹੈ । ਇਸ ਦੇ ਬਾਅਦ ਚੋਣ ਸਿਸਟਮਾਂ ਨਾਲ ਸੰਬੰਧਤ ਪੰਜ ਵੱਖੋ-ਵੱਖਰੀਆਂ ਸ਼ਾਖਾਵਾਂ ਦਾ ਅਧਿਅਨ ਕੀਤਾ । ਸਟਾਫ ਤੇ ਮੈਂਬਰਾਂ ਵੱਲੋਂ, ਸਾਰੇ ਕੈਨੇਡਾ 'ਚੋਂ ਅਤੇ ਦੁਨੀਆਂ ਤੋਂ ਆਏ ਹੋਏ ਅਤਿਥੀ ਮਾਹਿਰਾਂ ਵੱਲੋਂ ਕੀਤੀਆਂ ਗਈਆਂ ਪੇਸ਼ਕਸ਼ਾਂ ਤੋਂ ਅਸੈਂਬਲੀ ਨੇ ਇਹ ਗਿਆਨ ਪ੍ਰਾਪਤ ਕੀਤਾ ਕਿ ਚੋਣ ਹਲਕੇ ਦੇ ਸਾਈਜ਼, ਬੈਲਟ ਪੇਪਰ ਦੀ ਸ਼ਕਲ ਤੇ ਵੋਟ ਗਿਣਤੀ ਦੇ ਫਾਰਮੂਲਿਆਂ ਵਿੱਚ ਕਿਵੇਂ ਭਿੰਨਤਾ ਹੈ ਤੇ ਇਸ ਦੇ ਅਧਾਰ ਤੇ ਕਿਵੇਂ ਵੱਖ-ਵੱਖ ਸਿਸਟਮਾਂ ਵਿੱਚ ਵੱਡੀ ਪੱਧਰ ਤੇ ਭਿੰਨਤਾ ਹੈ ।

ਜੋ ਅਧਿਅਨ ਕੀਤਾ ਗਿਆ:

- ਬਹੁਮੱਤ ਸਿਸਟਮ (ਜਿਵੇਂ ਫਰਾਂਸ ਜਾਂ ਅਸਟ੍ਰੇਲੀਆ)
- ਬਹੁ-ਸੰਖਿਆ ਸਿਸਟਮ (ਜਿਵੇਂ ਕੈਨੇਡਾ ਜਾਂ ਇੰਡੀਆ)
- ਅਨੁਪਾਤੀ ਪ੍ਰਤਿਨਿਧਤਾ-ਲਿਸਟ ਸਿਸਟਮ ਅਨੁਸਾਰ (ਜਿਵੇਂ ਫਿਨਲੈਂਡ ਜਾਂ ਨੈਦਰਲੈਂਡਜ਼)
- ਅਨੁਪਾਤੀ ਪ੍ਰਤਿਨਿਧਤਾ ਬਦਲਣ ਯੋਗ ਵੋਟ ਸਿਸਟਮ ਰਾਹੀਂ (ਜਿਵੇਂ ਆਇਰਲੈਂਡ ਜਾਂ ਅਸਟ੍ਰੇਲੀਆ)
- ਰਲਵਾਂ ਮਿਲਵਾਂ ਸਿਸਟਮ (ਜਿਵੇਂ ਜਰਮਨੀ ਜਾਂ ਜਾਪਾਨ)

ਅਸੈਂਬਲੀ ਨੇ ਇਹਨਾਂ ਵੱਖ ਵੱਖ ਪ੍ਰਕਾਰ ਦੇ ਸਿਸਟਮਾਂ ਦਾ ਮੁਲਾਂਕਣ ਕੀਤਾ ਅਤੇ ਇਹ ਪਾਇਆ ਕਿ ਇਹਨਾਂ ਸਾਰਿਆਂ ਦੇ ਆਪੋ ਆਪਣੇ ਨਫੇ ਨੁਕਸਾਨ ਹਨ । (ਵਿਸਥਾਰ ਲਈ ਕ੍ਰਿਪਾ ਕਰਕੇ ਸਾਡੀ ਵੈਬਸਾਈਟ ਦੇਖੋ ਜਾਂ ਅਸੈਂਬਲੀ ਜਾਂ ਇਸਦੇ ਕਿਸੇ ਮੈਂਬਰ ਨਾਲ ਸੰਪਰਕ ਕਰਕੇ ਇਹਨਾਂ ਸਿਸਟਮਾਂ ਦੀਆਂ ਬਣਾਈਆਂ ਹੋਈਆਂ "ਫੈਕਟ ਸ਼ੀਟਾਂ" ਲਓ ।) ਸਰਕਾਰੀ ਆਦੇਸ਼ਾਂ ਅਨੁਸਾਰ ਅਸੈਂਬਲੀ ਨੇ ਇਸ ਪਾਸੇ ਵੱਲ ਖਾਸ ਧਿਆਨ ਦਿੱਤਾ ਹੈ ਕਿ ਇਹਨਾਂ ਵੱਖ-ਵੱਖ ਚੋਣ ਮਾਡਲਾਂ (ਨਮੂਨਿਆਂ) ਦਾ *"ਸਰਕਾਰ ਤੇ , ਵਿਧਾਨ ਸਭਾ ਅਤੇ ਸਿਆਸੀ ਪਾਰਟੀਆਂ"* ਤੇ ਕੀ ਅਸਰ ਪੈਂਦਾ ਹੈ । ਤੁਲਨਾਤਮਿਕ ਤਜਰਬੇ ਨਾਲ ਸੰਬੰਧਤ ਪਰਖ ਪੜਚੋਲ, ਆਮ ਪੇਸ਼ਕਾਰੀਆਂ ਨੂੰ ਵਿੱਚ ਮਿਲਾਉਣਾ, ਛੋਟੇ-ਛੋਟੇ ਗੁਰੱਪਾਂ ਵਿੱਚ ਬਹਿਸ, ਅਤੇ ਪੌਲਿਟੀਕਲ ਸਾਇੰਸ ਵਿਕਸਤ ਸਾਹਿਤ ਦਾ ਪ੍ਰਾਈਵੇਟ ਤੌਰ ਤੇ ਬਹੁਤ ਸਾਰਾ ਪਰੀਖਣ ਕਰਕੇ ਲੋੜੀਂਦੀ ਜਾਣਕਾਰੀ ਹਾਸਲ ਕਰਨਾ ਆਦਿ ਦੇ ਡੂੰਘੇ ਅਧਿਅਨ ਦੇ ਗੁੰਝਲਦਾਰ ਸੰਕਲਪਾਂ ਦੀ ਪ੍ਰਵੀਨਤਾ / ਮੁਹਾਰਤ ਨੂੰ ਵੀ ਆਪਣੀ ਲਪੇਟ ਵਿੱਚ ਲਿਆ ਹੈ । ਸਾਰੇ ਹੀ ਅਸੈਂਬਲੀ ਮੈਂਬਰਾਂ ਨੇ ਸਰਗਰਮੀ ਨਾਲ ਭਾਗ ਲਿਆ । ਅਸੈਂਬਲੀ ਮੀਟਿੰਗਾਂ ਵਿੱਚ ਹਾਜ਼ਰੀ 100 ਪ੍ਰਤੀਸ਼ਤ ਸੀ । ਸਾਰੇ ਮੈਂਬਰਾਂ ਨੇ ਬਹਿਸ ਤੇ ਵਿਚਾਰ-ਵਟਾਦਰੇ ਦੌਰਾਨ ਪੂਰੀ ਤਰ੍ਹਾਂ ਦੂਸਰਿਆਂ ਦੇ ਬਰਾਬਰ ਭਾਗ ਲਿਆ ਤਾਂ ਜਾ ਕੇ ਇਹ ਮੁਢਲੀ / ਅਰੰਭਕ ਸਟੇਟਮੈਂਟ ਤਿਆਰ ਹੋਈ ਹੈ ।

ਵੱਖੋ-ਵੱਖਰੇ ਸਿਸਟਮਾਂ ਵਿੱਚ ਤੁਲਨਾਤਮਿਕ ਖੂਬੀਆਂ ਦਾ ਮੁਲਾਂਕਣ ਕਰਨਾ ਨਾ ਤਾਂ ਸੁਖਾਲਾ ਕੰਮ ਹੈ ਤੇ ਨਾ ਹੀ ਸਿੱਧਾ-ਸਾਧਾ, ਪਰ ਅਸੈਂਬਲੀ ਮੈਂਬਰਾਂ ਨੇ ਬਹੁਤ ਸਾਰੇ ਮੂਲ ਤੱਤਾਂ ਨੂੰ ਪਛਾਣ ਕੇ ਉਹਨਾਂ ਨੂੰ ਨੁਕਤੇ ਵਜੋਂ ਇਸਤੇਮਾਲ ਕੀਤਾ ਹੈ ।

- ਕਿਸ ਹੱਦ ਤੱਕ ਵੋਟਰਾਂ ਦਾ ਵੋਟ ਪਾਉਣਾ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਦਾ ਹੈ (ਵੋਟ ਅਤੇ ਸੀਟ ਦਾ ਰਿਸ਼ਤਾ)
- ਵੋਟਰਾਂ ਅਤੇ ਉਹਨਾਂ ਦੇ ਪ੍ਰਤੀਨਿਧਾਂ ਵਿਚਕਾਰ ਸੰਬੰਧ ਜੋੜਨ ਦੀ ਖਾਸੀਅਤ (ਸਥਾਨਕ ਪ੍ਰਤਿਨਿਧੀਆਂ ਦਾ ਚਰਿਤਰ)
- ਵੋਟਰਾਂ ਨੂੰ ਪੇਸ਼ ਕੀਤੀ ਗਈ ਪਸੰਦ ਅਤੇ ਇਸ ਦੀ ਹੱਦ (ਇਹ ਵਿਸ਼ਾ ਮੁਕਾਬਲਾ ਕਰਨ ਵਾਲੀਆਂ ਪਾਰਟੀਆਂ ਤੋਂ ਲੈ ਕੇ ਬੈਲਟ ਦੀ ਸ਼ਕਲ ਤੱਕ ਦਾ ਹੈ)
- ਸਿਸਟਮ ਦਾ ਸਾਸ਼ਨ ਤੇ ਅਸਰ (ਇਹ ਵਿਸ਼ਾ ਸਰਕਾਰ ਅਤੇ ਵਿਧਾਨ ਸਭਾ ਦੇ ਅਸਰਦਾਇਕ ਢੰਗ ਨਾਲ ਕੰਮ ਕਰਨ ਨਾਲ ਸੰਬੰਧਤ ਹੈ)

ਅਸੈਂਬਲੀ ਨੇ ਛੇਤੀ ਹੀ ਇਹ ਮਹਿਸੂਸ ਕਰ ਲਿਆ ਹੈ ਕਿ ਕੋਈ ਵੀ ਦੋਸ਼ ਰਹਿਤ ਸੰਪੂਰਨ ਸਿਸਟਮ ਨਹੀਂ ਹੈ । ਇਸ ਵਿੱਚ ਸਮੱਸਿਆ ਇਹ ਹੈ ਕਿ ਵੱਖ-ਵੱਖ ਸਿਸਟਮ ਦੀਆਂ ਸੰਬੰਧਿਤ ਚੰਗਿਆਈਆਂ ਨੂੰ ਵਿਚਾਰਨਾ ਹੈ ਅਤੇ ਚੰਗੇ ਤੇ ਲੋੜੀਂਦੇ ਗੁਣਾਂ ਨੂੰ ਸਿਸਟਮ ਵਿੱਚ ਤਬਦੀਲ ਕਰਨਾ ਹੈ । ਇਸ ਵੇਲੇ ਅਸੈਂਬਲੀ ਦਾ ਕੰਮ ਇਸ ਪੱਧਰ ਤੇ ਹੈ ਕਿ ਸਾਰੇ ਮੈਂਬਰਾਂ ਦੀ ਆਮ ਰਾਏ ਮੌਜੂਦਾ ਚੋਣ ਸਿਸਟਮ ਦੀਆਂ ਸ਼ਕਤੀਆਂ ਤੇ ਕਮਜ਼ੋਰੀਆਂ ਤੱਕ ਪਹੁੰਚੀ ਹੈ ਤੇ ਮੈਂਬਰ ਸਮਝਦੇ ਹਨ ਕਿ ਕੋਈ ਹੋਰ ਫੈਸਲਾ ਲੈਣ ਤੋਂ ਪਹਿਲਾਂ ਇਸ ਤੇ ਹੋਰ ਬਹਿਸ ਅਤੇ ਵਿਚਾਰ-ਵਟਾਂਦਰੇ ਦੀ ਲੋੜ ਹੈ ।

## 3. ਸਿਟੀਜਨਜ਼ ਅਸੈਂਬਲੀ ਵੱਲੋਂ ਮੌਜੂਦਾ ਬੀ ਸੀ ਚੋਣ ਸਿਸਟਮ ਦਾ ਮੁਲਾਂਕਣ

ਅਸੈਂਬਲੀ ਮੈਂਬਰ ਇਸ ਵਿਚਾਰ ਦੇ ਹਨ ਕਿ ਸਾਰਾ ਮੌਜੂਦਾ ਇੱਕ ਮੈਂਬਰੀ ਬਹੁ-ਸੰਖਿਆ ਚੋਣ ਸਿਸਟਮ - ਜੋ ਪਹਿਲਾਂ ਫਸਟ-ਪਾਸਟ-ਦੀ-ਪੋਸਟ ਦੇ ਨਾਮ ਨਾਲ ਜਾਣਿਆਂ ਜਾਂਦਾ ਸੀ, ਦੀ ਬਹੁਤੀ ਸਿਫਾਰਸ਼ ਕੀਤੀ ਜਾਵੇ । ਇਹ ਸਿਸਟਮ ਸਾਡੇ ਇਤਿਹਾਸ ਵਿੱਚ ਬ੍ਰਿਟਿਸ਼ ਕੋਲੰਬੀਆ ਅਤੇ ਕੈਨੇਡਾ ਦੇ ਦੂਸਰੇ ਹਿੱਸਿਆਂ ਵਿੱਚ ਦੂਰ ਦੂਰ ਤੱਕ ਇਸਤੇਮਾਲ ਕੀਤਾ ਗਿਆ ਹੈ ਅਤੇ ਇਸ ਨੇ ਸਾਡਾ ਚੰਗਾ ਕੰਮ ਸਾਰਿਆ ਹੈ । ਸਾਡਾ ਵਧਦਾ ਫੁਲਦਾ ਲੋਕਤੰਤਰ ਹੈ ਜਿਸ ਵਿੱਚ ਵੋਟਰ ਸਰਕਾਰ ਤੇ ਸਿਆਸਤਦਾਨਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ । ਅਸੀਂ ਇਹੋ ਜਿਹੇ ਸਿਸਟਮਾਂ ਨੂੰ ਛੱਡਣਾ ਨਹੀਂ ਚਾਹੁੰਦੇ ਜਿਨਾਂ ਚਿਰ ਇਹ ਸਪੱਸ਼ਟ ਨਹੀਂ ਹੋ ਜਾਂਦਾ ਕਿ 1) ਸਿਸਟਮ ਵਿੱਚ ਕਮੀਆਂ ਹਨ ਅਤੇ ਸੂਬੇ ਦੇ ਵਧੀਆ ਲੋਕਤੰਤਰੀ ਸਿਆਸਤ ਵਿੱਚ ਅਤੇ ਇਸ ਦੇ ਵਿਕਾਸ ਜਾਂ ਇਸ ਦੀ ਦੇਖ-ਭਾਲ ਵਿੱਚ ਕੋਈ ਰੁਕਾਵਟ ਪਾਈ ਹੈ । (2) ਅਸੀਂ ਮੰਨ ਲਿਆ ਕਿ ਕੋਈ ਦੂਸਰਾ ਬਦਲਵਾਂ ਸਿਸਟਮ ਵੀ ਹੈ ਜਿਹੜਾ ਅਪਣਾਇਆ ਜਾ ਸਕਦਾ ਹੈ ਪਰ ਉਹਦੇ ਵਿੱਚ ਵੀ ਅਜਿਹੀਆਂ ਹੀ ਕਮੀਆਂ ਦੇਖਣ ਨੂੰ ਮਿਲੀਆਂ ਹਨ ।

ਆਪਣੇ ਚੋਣ ਸਿਸਟਮ ਨੂੰ ਬਹਿਸ ਲਈ ਹੋਰ ਅੱਗੇ ਤੋਰਨ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਅਸੈਂਬਲੀ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਅਮਲ ਵਿੱਚ ਲਿਆਂਦੇ ਗਏ ਸਿਸਟਮ ਦੇ ਮੁਢਲੇ ਨਫੇ ਨੁਕਸਾਨ ਦੀ ਪਛਾਣ ਇਸ ਪ੍ਰਕਾਰ ਕੀਤੀ ਹੈ । ਅਸੈਂਬਲੀ ਮੈਂਬਰਾਂ ਦਾ ਵਿਸ਼ਵਾਸ ਹੈ ਕਿ ਇਸ ਦੇ ਕੁਝ ਲੱਛਣਾਂ ਨੂੰ ਕੇਂਦਰੀ ਧੁਰਾ ਬਣਾ ਕੇ ਇਸ ਸਿਸਟਮ ਦਾ ਮੁਲਾਂਕਣ ਕੀਤਾ ਜਾਵੇ ।

## ਚਲੰਤ ਸਿਸਟਮ ਦੀ ਸ਼ਕਤੀ

*ਸਥਾਨਕ ਪ੍ਰਤਿਨਿਧਤਾ ਅਤੇ ਜ਼ਿੰਮੇਵਾਰੀ*

ਮੌਜੂਦਾ ਸਿਸਟਮ ਵਿਅੱਕਤੀਆਂ ਨੂੰ ਚੁਣੇ ਜਾਣ ਦਾ ਅਧਿਕਾਰ ਦਿੰਦਾ ਹੈ । ਚੁਣੇ ਹੋਏ ਵਿਅੱਕਤੀ ਸੂਬੇ ਦੇ ਖਾਸ ਤੇ ਨਿਰਧਾਰਤ ਕੀਤੇ ਹੋਏ ਇਲਾਕਿਆਂ ਦੀ ਪ੍ਰਤੀਨਿਧਤਾ ਕਰਦੇ ਹਨ । ਇਸ ਤਰ੍ਹਾਂ ਇਹ ਸਿਸਟਮ ਵੋਟਰਾਂ ਅਤੇ ਪ੍ਰਤਿਨਿਧੀਆਂ ਵਿਚਕਾਰ ਸਿੱਧਾ ਹੀ ਇੱਕ ਕੜੀ ਦਾ ਕੰਮ ਕਰਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਵਿਧਾਨ ਸਭਾ ਵਿੱਚ ਸੂਬੇ ਦੇ ਸਾਰੇ ਇਲਾਕਿਆਂ ਦੇ ਬੁਲਾਰੇ ਹਨ, ਪ੍ਰਤਿਨਿਧ ਹਨ । ਇਹ ਸਿਸਟਮ ਸਿਆਸਤਦਾਨਾਂ ਨੂੰ ਆਪਣੇ ਇਲਾਕੇ ਬਾਰੇ ਬੋਲਣ ਦੇ ਅਧਿਕਾਰ ਦਿੰਦਾ ਹੈ ਅਤੇ ਸਥਾਨਕ ਮਾਮਲਿਆਂ ਨੂੰ ਸਰਕਾਰੀ ਏਜੰਡੇ ਤੇ ਲਿਆਉਣ ਯੋਗ ਬਣਾਉਂਦਾ ਹੈ ਤੇ ਵੋਟਰਾਂ ਨੂੰ ਇੱਕ ਯੰਤਰ ਵਿਧੀ ਪ੍ਰਦਾਨ ਕਰਦਾ ਹੈ ਜਿਸ ਰਾਹੀਂ ਵੋਟਰ ਪ੍ਰਤਿਨਿਧਾਂ ਦੀਆਂ ਕਾਰਵਾਈਆਂ ਨੂੰ ਸਿੱਧਾ ਹੀ ਜ਼ਿਮੇਵਾਰ ਠਹਿਰਾਉਂਦੇ ਹਨ । ਵਿਧਾਨ ਸਭਾ ਵਿੱਚ ਸਾਰੇ ਵਿਧਾਇਕਾਂ (ਐਮ. ਐਲ. ਏ.) ਦਾ ਇੱਕੋ ਜਿਹਾ ਪੱਧਰ ਹੈ ਅਤੇ ਉਹ ਵੋਟਰਾਂ ਪ੍ਰਤਿ ਫਰਜ਼ ਅਤੇ ਸੰਬੰਧਾਂ ਨੂੰ ਸਾਂਝੇ ਕਰਦੇ ਹਨ ।

*ਸਰਕਾਰ ਤੇ ਪ੍ਰਤਿਨਿਧਾਂ ਦਾ ਸਟਾਈਲ*

ਪ੍ਰਚੱਲਤ ਸਿਸਟਮ ਬਹੁਮੱਤ ਵਾਲੀਆਂ ਸਰਕਾਰਾਂ ਦਾ ਸਮੱਰਥਨ ਕਰਦਾ ਹੈ ਜੋ ਕਿ ਮੱਤਦਾਤਾਵਾਂ ਵੱਲੋਂ ਰਾਜ ਕਰਨ ਦਾ ਦਿੱਤਾ ਗਿਆ ਅਧਿਕਾਰ ਸਮਝਦੇ ਹਨ । ਅਜਿਹੀਆਂ ਸਰਕਾਰਾਂ ਆਪਣੇ ਸਮੇਂ ਤੱਕ ਸੁਰੱਖਿਅਤ ਰਹਿੰਦੀਆਂ ਹਨ । ਇਸ ਕਰਕੇ ਉਹ ਵਿਧਾਨ ਸਭਾ ਦੇ ਸਮੇਂ ਤੱਕ ਬੜੇ ਭਰੋਸੇ ਤੇ ਬੇਬਾਕੀ ਨਾਲ ਆਪਣੀਆਂ ਯੋਜਨਾਵਾਂ ਬਣਾਉਂਦੇ ਹਨ ਅਤੇ ਆਪਣੇ ਪ੍ਰੋਗਰਾਮਾਂ ਨੂੰ ਲਾਗੂ ਵੀ ਕਰਦੇ ਹਨ । ਜੇਤੂ ਨੇ ਸਾਰੇ ਮੁਕਾਬਲੇ ਜਿੱਤੇ ਹੁੰਦੇ ਹਨ ਤੇ ਇਸ ਧਾਰਨਾ ਨੂੰ ਉਤਸ਼ਾਹਿਤ ਕਰਦਿਆਂ ਚੋਣ ਸਿਸਟਮ ਦੋ-ਪਾਰਟੀ ਮੁਕਾਬਲੇ ਦੀ ਪਾਲਣਾ ਕਰਦਾ ਹੈ ਅਤੇ ਛੋਟੀਆਂ-ਛੋਟੀਆਂ ਸਥਾਨਕ ਪਾਰਟੀਆਂ ਦੇ ਪ੍ਰਭਾਵ ਅਤੇ ਹਿਤਾਂ ਨੂੰ ਸੀਮਤ ਰੱਖਣ ਦਾ ਕੰਮ ਕਰਦਾ ਹੈ । ਸਰਕਾਰਾਂ ਜਿਸ ਪ੍ਰਕਾਰ ਦੀ ਲੋੜ ਮਹਿਸੂਸ ਕਰਦੀਆਂ ਹਨ, ਚੋਣਾਂ ਉਸ ਦੇ ਆਲੇ ਦੁਆਲੇ ਘੁੰਮਦੀਆਂ ਹਨ ।

*ਸਾਦਗੀ, ਜਾਣਿਆਂ ਪਹਿਚਾਣਿਆਂ ਅਤੇ ਸਾਫ ਸੁਥਰੀ ਗਿਣਤੀ*

ਇੱਕ-ਮੈਂਬਰੀ ਬਹੁ-ਗਿਣਤੀ ਸਿਸਟਮ ਸਿੱਧਾ-ਸਾਧਾ ਤੇ ਜਾਣਿਆਂ ਪਹਿਚਾਣਿਆਂ ਸਿਸਟਮ ਹੈ । ਜਿਹੜੇ ਨਾਵਾਂ ਦੀ ਲਿਸਟ ਵੋਟਰਾਂ ਸਾਹਮਣੇ ਰੱਖੀ ਜਾਂਦੀ ਹੈ, ਵੋਟਰਾਂ ਨੇ ਉਸ ਵਿੱਚੋਂ ਆਪਣੀ ਪਸੰਦ ਦਾ ਉਮੀਦਵਾਰ ਦੱਸਣਾ ਹੁੰਦਾ ਹੈ । ਬੈਲਟਾਂ ਦੀ ਸਧਾਰਨ ਗਿਣਤੀ ਕਰਕੇ ਜੇਤੂ ਨਿਰਧਾਰਤ ਕੀਤਾ ਜਾਂਦਾ ਹੈ ਤੇ ਨਤੀਜਾ ਝੱਟ ਪੱਟ ਪਤਾ ਲਗ ਜਾਂਦਾ ਹੈ ।

## *ਚਲੰਤ ਸਿਸਟਮ ਦੀਆਂ ਕਮਜ਼ੋਰੀਆਂ*

*ਅਨੁਪਾਤ ਦੀ ਕਮੀ*

"ਸਾਡਾ ਇੱਕ-ਮੈਂਬਰ ਬਹੁ-ਸੰਖਿਆ ਸਿਸਟਮ" ਇੱਕ ਅਜਿਹਾ ਸਿਸਟਮ ਹੈ, ਜਿਸ ਵਿੱਚ ਕੋਈ ਅਨੁਪਾਤ ਨਹੀਂ ਕਿ ਇੱਕ ਪਾਰਟੀ ਦੀਆਂ ਵਿਧਾਨ ਸਭਾ ਵਿੱਚ ਸੀਟਾਂ ਦੀ ਗਿਣਤੀ ਕਿੰਨੀ ਹੈ ਤੇ ਉਸ ਨੂੰ ਕਿੰਨੀਆਂ ਵੋਟਾਂ ਪਈਆਂ ਹਨ । ਇਹ ਸਿਸਟਮ ਛੋਟੀਆਂ ਪਾਰਟੀਆਂ ਦੀ ਬਜਾਇ ਵੱਡੀਆਂ ਦਾ ਸਮੱਰਥਨ ਕਰਦਾ ਹੈ, ਬਨਾਉਟੀ ਬਹੁਮੱਤ ਵਾਲੀਆਂ ਸਰਕਾਰਾਂ ਬਣਾਉਂਦਾ ਹੈ ਅਤੇ ਘੱਟ-ਗਿਣਤੀਆਂ ਨੂੰ ਵਿਧਾਨ ਸਭਾ ਵਿੱਚ ਆਪਣੇ ਵਿਚਾਰ ਰੱਖਣ ਤੋਂ ਵੰਚਿਤ ਕਰਦਾ ਹੈ । ਇਸ ਤਰ੍ਹਾਂ ਵੋਟਰਾਂ ਦੀ ਅਸਲ ਪਸੰਦ ਸੀਮਤ ਹੋ ਜਾਂਦੀ ਹੈ ਤੇ ਬਹੁਤ ਸਾਰੀਆਂ ਵੋਟਾਂ ਐਮੱ. ਐਲੱ. ਏ. ਚੁਣਨ ਵਿੱਚ ਹਿੱਸਾ ਨਹੀਂ ਲੈਂਦੀਆਂ ਅਤੇ ਕਈ ਵਾਰੀ ਅਜਿਹਾ ਵੀ ਹੋ ਜਾਂਦਾ ਹੈ ਕਿ ਬਹੁਤੀਆਂ ਵੋਟਾਂ ਵਾਲੀ ਪਾਰਟੀ ਚੋਣ ਨਹੀਂ ਜਿਤਦੀ ।

*ਪਾਰਲੀਮੈਂਟਾਂ ਵਿੱਚ ਸਰਕਾਰਾਂ ਦਾ ਹਾਵੀ ਹੋਣਾ*

ਇਹ ਸਿਸਟਮ ਪ੍ਰਤਿਪੱਖੀ (ਐਡਵਰਸੇਰੀਅਲ) ਦੋ ਪਾਰਟੀ-ਪੌਲਿਟਿਕਸ ਠੋਸਦਾ ਹੈ ਜਿਸ ਵਿੱਚ ਵਿਧਾਨ ਸਭਾ ਵਿੱਚ ਸਰਕਾਰ ਦਾ ਹਾਵੀ ਹੋਣਾ ਇੱਕ ਆਮ ਪ੍ਰੈਕਟਿਸ ਜਿਹੀ ਬਣ ਗਈ ਹੈ । ਪਾਰਟੀ ਦੇ ਸਖਤ ਅਨੁਸ਼ਾਸਨ ਹੋਣ ਕਰਕੇ ਫੈਸਲਾ ਕਰਨ ਵਾਲੇ ਵਿਧਾਨ ਸਭਾ ਨੂੰ ਕੋਈ ਅਸਰਦਾਇਕ ਮੌਕਾ ਹੀ ਨਹੀਂ ਦਿੰਦੇ ਕਿ ਉਹ ਪਹਿਲੀਆਂ ਚੋਣਾਂ ਤੋਂ ਆਉਣ ਵਾਲੀਆਂ ਚੋਣਾਂ ਤੱਕ ਦੇ ਸਮੇਂ ਵਿਚਕਾਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਸਕਣ । ਇਹ ਸਿਸਟਮ ਮਜਬੂਤ ਵਿਰੋਧੀ ਧਿਰ ਪਰਦਾਨ ਨਹੀਂ ਕਰਦਾ । ਇਸ ਸਿਸਟਮ ਵਿੱਚ (ਐਮੱ. ਐਲੱ. ਐ.) ਵਿਧਾਇਕਾਂ ਨੂੰ ਆਪਣੇ ਹਲਕੇ ਨਾਲੋਂ ਆਪਣੇ ਪਾਰਟੀ ਹਿਤਾਂ ਨੂੰ ਉਪੱਰ ਰੱਖਣਾ ਪੈਂਦਾ ਹੈ ਅਤੇ ਕਈ ਵਾਰੀ ਸਥਾਨਕ ਤੇ ਘੱਟ ਗਿਣਤੀਆਂ ਦੇ ਹਿੱਤ ਲਾਂਭੇ ਹੀ ਰਹਿ ਜਾਂਦੇ ਹਨ ।

ਸਰਕਾਰ ਅਤੇ ਵੋਟਰਾਂ ਤੇ ਅਸਰ

ਪ੍ਰਤਿਪੱਖੀ ਰਾਜਨੀਤੀ ਵਿੱਚ ਅਕਸਰ ਸਰਕਾਰੀ ਨੀਤੀਆਂ ਡਾਵਾਂ ਡੋਲ ਹੋ ਜਾਂਦੀਆਂ ਹਨ ਕਿਉਂਕਿ ਚੁਣੀਆਂ ਗਈਆਂ ਨਵੀਆਂ ਸਰਕਾਰਾਂ ਪਹਿਲੀਆਂ ਸਰਕਾਰਾਂ ਦੇ ਪ੍ਰੋਗਰਾਮਾਂ ਨੂੰ ਜਾਂ ਤਾਂ ਖਤਮ ਕਰ ਦਿੰਦੀਆਂ ਹਨ ਜਾਂ ਉਲਟਾ ਦਿੰਦੀਆਂ ਹਨ । ਇਸ ਪ੍ਰਕਾਰ ਦਾ ਰਾਜਨੀਤਿਕ ਮਾਹੌਲ ਵੋਟਰਾਂ ਵਿਚਕਾਰ ਬੇਗਾਨਗੀ ਦੀ ਭਾਵਨਾ ਵਧਾਈ ਜਾ ਰਿਹਾ ਹੈ ਜਿਸ ਦਾ ਪਤਾ ਇਸ ਤੋਂ ਲਗਦਾ ਹੈ ਕਿ ਚੋਣਾਂ ਸਮੇਂ ਵੋਟਰ ਘੱਟ ਗਿਣਤੀ ਵਿੱਚ ਵੋਟ ਪਾਉਣ ਆਉਂਦੇ ਹਨ ਅਤੇ ਖਾਸ ਤੌਰ 'ਤੇ ਨੌਜਵਾਨ ਵੋਟਰ ।

## 4. ਬਦਲਵੇਂ ਚੋਣ ਸਿਸਟਮਾਂ ਪ੍ਰਤਿ ਪਹੁੰਚ

ਅਸੈਂਬਲੀ ਨੇ ਬਹੁਤ ਵਿਆਪਕ ਪੱਧਰ ਤੇ ਬਦਲਵੇਂ ਚੋਣ ਸਿਸਟਮਾਂ ਨੂੰ ਵਿਚਾਰਿਆ ਅਤੇ ਅਧਿਅਨ ਕੀਤਾ ਕਿ ਇਹਨਾਂ ਦਾ ਦੂਸਰੇ ਲੋਕਤੰਤਰਾਂ ਤੇ ਕੀ ਅਸਰ ਹੁੰਦਾ ਹੈ । ਅਸੈਂਬਲੀ ਨੇ ਇਹਨਾਂ ਦੀਆਂ ਕਦਰਾਂ ਕੀਮਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ ਅਤੇ ਇਹਨਾਂ ਦੇ ਲੱਛਣਾਂ ਦੀ ਤਹਿ ਤੱਕ ਜਾ ਕੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਬ੍ਰਿਟਿਸ਼ ਕੋਲੰਬੀਆ ਦੇ ਲੋਕਤੰਤਰ ਦੇ ਸਟਾਈਲ ਤੇ ਵਿਸ਼ੇਸ਼ਤਾ ਤੇ ਇਸ ਦਾ ਕੀ ਅਸਰ ਹੋਵੇਗਾ । ਅਗਾਊਂ ਹੀ ਵਿਸਥਾਰ-ਪੂਰਵਕ ਜਾਨਣਾ ਬੜਾ ਕਠਿਨ ਹੈ ਕਿ ਕੋਈ ਦੂਸਰਾ ਸਿਸਟਮ ਬ੍ਰਿਟਿਸ਼ ਕੋਲੰਬੀਆਂ ਵਿੱਚ ਕਿਵੇਂ ਕੰਮ ਕਰੇਗਾ । ਪਰ  ਅਸੈਂਬਲੀ ਨੇ ਇਸ ਗੱਲ ਦਾ ਖਾਸ ਖਿਆਲ ਰੱਖਿਆ ਹੈ ਕਿ ਕਿਸੇ ਵੀ ਬਦਲਵੇਂ ਸਿਸਟਮ ਤੇ ਵਿਚਾਰ ਕਰਨ ਸਮੇਂ ਇਹ ਜ਼ਰੂਰੀ ਬਣਾਇਆ ਜਾਵੇ ਕਿ ਇਹ ਸਿਸਟਮ ਸੂਬੇ ਦੇ ਸਿਆਸੀ ਸਹਿਤ ਵੱਲ ਕੇਂਦਰਤ ਹੋਵੇ ਅਤੇ ਸੂਬੇ ਦੀਆਂ ਕਦਰਾਂ ਕੀਮਤਾਂ ਬਣਾਈ ਰੱਖੇ । ਇਸ ਵੇਲੇ ਇਹ ਜ਼ਰੂਰੀ ਹੈ ਕਿ ਚੋਣ ਸਿਸਟਮ ਦੀਆਂ ਮੁੱਖ ਮੱਦਾਂ ਦੀ ਵਿਆਖਿਆ ਕੀਤੀ ਜਾਵੇ ।

*ਸਥਾਨਕ ਪ੍ਰਤਿਨਿਧ*

ਸਾਡੀ ਰਵਾਇਤ ਅਨੁਸਾਰ ਸਥਾਨਕ ਪ੍ਰਤਿਨਿਧਤਾ ਦੇਣ ਵਾਲਾ ਬਹੁਕੀਮਤੀ ਸਿਸਟਮ ਲੰਮੇ ਸਮੇਂ ਤੋਂ ਚਲਦਾ ਆ ਰਿਹਾ ਹੈ । ਜਿਹਨਾਂ ਭਾਈਚਾਰਿਆਂ ਦੇ ਇਕੱਠ ਨਾਲ ਇਹ ਸਾਰਾ ਸੂਬਾ ਬਣਿਆਂ ਹੈ ਸਾਡੇ ਸਿਆਸਤਦਾਨਾਂ ਨੂੰ ਉਹਨਾਂ ਲਈ ਬੋਲਣਾ ਪੈਂਦਾ ਹੈ ਅਤੇ ਉਹਨਾਂ ਨੂੰ ਭਿੰਨ-ਭਿੰਨ ਪ੍ਰਕਾਰ ਦੇ ਭਾਈਚਾਰੇ ਪ੍ਰਤਿ ਜੁਆਬਦੇਹ ਹੋਣਾ ਪੈਂਦਾ ਹੈ । ਸਿਟੀਜਨਜ਼ ਇਹ ਵਿਸ਼ਵਾਸ ਕਰਦੇ ਹਨ ਕਿ ਉਹਨਾਂ ਦੇ ਖਾਸ-ਖਾਸ ਭਾਈਚਾਰਿਆਂ ਦੇ ਹਿਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ ਅਤੇ ਪਾਲਿਸੀ ਘੜਨ ਵਾਲੀ ਸਰਕਾਰੀ ਬਹਿਸ ਜਾਂ ਵਿਚਾਰ-ਵਟਾਂਦਰੇ ਸਮੇਂ ਉਹਨਾਂ ਦੀ ਪ੍ਰਤਿਨਿਧਤਾ ਵੀ ਹੋਵੇ । ਇਹ ਉਦੋਂ ਪੂਰਾ ਹੋ ਜਾਂਦਾ ਹੈ ਜਦੋਂ ਵਿਧਾਇਕਾਂ (ਐਮੱ. ਐਲੱ. ਏ.) ਨੂੰ ਉਸ ਕਮਿਊਨਿਟੀ ਦਾ ਅਤੇ ਉਥੋਂ ਦੇ ਲੋਕਾਂ ਦੇ ਮਾਮਲਿਆਂ ਦਾ ਗਿਆਨ ਹੋਵੇ, ਜਿੱਥੋਂ ਦੀ ਉਹ ਪ੍ਰਤਿਨਿਧਤਾ ਕਰਦਾ ਹੈ ।

ਚੁਣੇ ਗਏ ਸਿਆਸਤਦਾਨਾਂ ਦੀਆਂ ਜੜ੍ਹਾਂ ਉਹਨਾਂ ਖਾਸ ਭੂਗੋਲਕ ਇਲਾਕਿਆਂ ਵਿੱਚ ਹੁੰਦੀਆਂ ਹਨ ਜਿੱਥੋਂ ਉਹਨਾਂ ਨੂੰ ਚੁਣਿਆਂ ਜਾਂਦਾ ਹੈ। ਇਸ ਕਰਕੇ ਵੋਟਰਾਂ ਲਈ ਸਥਾਨਕ ਹਲਕਿਆਂ ਦੀਆਂ ਕਦਰਾਂ ਕੀਮਤਾਂ ਦੀ ਰਾਖੀ ਲਈ ਹਲਕੇ ਦੇ ਸਿਆਸਤਦਾਨਾਂ ਨੂੰ ਸਿੱਧਾ ਹੀ ਜ਼ਿੰਮੇਵਾਰ ਠਹਿਰਾਉਣਾ ਸੰਭਵ ਹੋ ਜਾਂਦਾ ਹੈ । ਸਥਾਨਕ ਪ੍ਰਤਿਨਿਧੀ ਹੋਣ ਦੇ ਨਾਤੇ ਹਰ ਇੱਕ ਸ਼ਹਿਰੀ ਜਾਤੀ ਤੌਰ ਤੇ ਇਸ ਪ੍ਰਤਿਨਿਧ ਰਾਹੀਂ ਸਰਕਾਰ ਤੱਕ ਪਹੁੰਚ ਕਰ ਸਕਦਾ ਹੈ । ਉਹ ਸਹਾਇਤਾ ਲੈਣ ਲਈ ਜਾਂ ਆਪਣੇ ਦੁਖ ਸੁਖ ਦੱਸਣ ਲਈ ਇਸ ਸਥਾਨਕ ਸੰਪਰਕ ਨੂੰ ਇਸਤੇਮਾਲ ਕਰ ਸਕਦੇ ਹਨ । ਅਸੈਂਬਲੀ ਇਹ ਜਾਣਦੀ ਹੈ ਕਿ ਜਿਹੜੇ ਬ੍ਰਿਟਿਸ਼ ਕੋਲੰਬੀਆ ਨਿਵਾਸੀ ਦਿਹਾਤੀ (ਪੇਂਡੂ) ਇਲਾਕੇ ਵਿੱਚ ਜਾਂ ਸੰਘਣੀ ਵਸੋਂ ਵਾਲੇ ਲੋਇਰ ਮੇਨਲੈਂਡ ਇਲਾਕੇ ਤੋਂ ਬਹੁਤ ਦੂਰ ਰਹਿੰਦੇ ਹਨ, ਉਹਨਾਂ ਨੂੰ ਆਪਣੇ ਮਸਲਿਆਂ ਦੀ ਸੁਣਵਾਈ ਲਈ ਬੜੀ ਜਦੋ ਜਹਿਦ ਕਰਨੀ ਪੈਂਦੀ ਹੈ । ਇਹ ਹਕੀਕਤ ਹੈ ਕਿ ਉਹਨਾਂ ਦੇ ਸਿਆਸੀ ਜੀਵਨ ਲਈ ਸਥਾਨਕ ਪ੍ਰਤਿਨਿਧੀ ਸਿਸਟਮ ਉਤਸ਼ਾਹਿਤ-ਪੂਰਨ ਤੇ ਬਹੁ-ਕੀਮਤੀ ਹੈ । ਇਹ ਪਹਿਲਾਂ ਤੋਂ ਹੀ ਪਤਾ ਹੈ ਕਿ ਕੋਈ ਵੀ ਸੋਧਿਆ ਹੋਇਆ ਚੋਣ ਸਿਸਟਮ ਹੋਵੇ, ਉਸ ਵਿੱਚ ਸਥਾਨਕ ਪ੍ਰਤਿਨਿਧਤਾ ਵਾਲੇ ਅੰਸ਼ ਨੂੰ ਰੱਖਣਾ ਬਹੁਤ ਜ਼ਰੂਰੀ ਹੈ ।

ਇਹੋ ਜਿਹਾ ਚੋਣ ਸਿਸਟਮ ਬਨਾਉਣਾ ਜੋ ਸਥਾਨਕ ਪ੍ਰਤਿਨਿਧਤਾ ਯਕੀਨੀ ਬਣਾਉਂਦਾ ਹੋਵੇ, ਬੜੀ ਮਹੱਤਵਪੂਰਨ ਵੰਗਾਰ ਹੈ । ਪਾਰਟੀ ਅਨੁਸ਼ਾਸਨ ਵਿਧਾਇਕਾਂ (MLA) ਨੂੰ ਪਾਰਟੀ ਦੇ ਫੈਸਲੇ ਅਨੁਸਾਰ ਵੋਟ ਪਾਉਣ ਲਈ ਪਾਬੰਦ ਕਰਦਾ ਹੈ ਨਾ ਕਿ ਜਿਵੇਂ ਉਸਦੇ ਇਲਾਕੇ ਦੇ ਵੋਟਰ ਫੈਸਲਾ ਕਰਦੇ ਹਨ । ਅਸੈਂਬਲੀ ਉਸ ਚੋਣ ਸਿਸਟਮ ਵਿੱਚ ਦਿਲਚਸਪੀ ਰਖਦੀ ਹੈ ਜਿਸਦੇ ਅੰਸ਼ ਇਹ ਯਕੀਨੀ ਬਣਾਉਣ ਵਿੱਚ ਮੱਦਦ ਕਰਨ ਕਿ ਚੁਣੇ ਹੋਏ ਨੁਮਾਇੰਦੇ ਆਪਣੇ ਇਲਾਕੇ ਦੇ ਮਸਲਿਆਂ ਅਤੇ ਵਿਚਾਰਾਂ ਦੇ ਜੁਆਬਦੇਹ ਹੋਣ ।

*ਅਨੁਪਾਤ*

ਅਸੈਂਬਲੀ ਦੀ ਇਹ ਰਾਇ ਹੈ ਕਿ ਜਿੱਥੋਂ ਤੱਕ ਵਿਧਾਨ ਸਭਾ ਵਿੱਚ ਸੀਟਾਂ ਦੀ ਵੰਡ ਦਾ ਸੁਆਲ ਹੈ ਇਹ ਮਹੱਤਵਪੂਰਨ ਹੈ ਕਿ ਚੋਣ ਨਤੀਜੇ ਅਜਿਹੇ ਹੋਣ ਕਿ ਸ਼ਹਿਰੀਆਂ ਨੇ ਵੋਟਾਂ ਪਾਉਣ ਵੇਲੇ ਜੋ ਕੁਝ ਸੰਕੇਤ ਦਿੱਤੇ ਹਨ, ਉਹੋ ਜਿਹਾ ਹੀ ਪ੍ਰਭਾਵ ਵਿਧਾਨ ਸਭਾ ਦੀਆਂ ਸੀਟਾਂ ਦੀ ਵੰਡ ਸਮੇਂ ਪਵੇ । ਇਹ ਅਨੁਪਾਤ ਦਾ ਅਸੂਲ ਹੈ । ਸੀਟਾਂ ਦੀ ਜਿੱਤ, ਵੋਟਾਂ ਦੀ ਜਿੱਤ ਅਨੁਸਾਰ ਹੋਵੇ ।

ਇਸ ਮੁਢਲੇ ਸਿਧਾਂਤ ਨੂੰ ਮਨਜ਼ੂਰ ਕਰਨ ਦੇ ਬਾਅਦ, ਅਸੈਂਬਲੀ ਨੇ ਇਹ ਗਿਆਨ ਵੀ ਪ੍ਰਾਪਤ ਕੀਤਾ ਹੈ ਕਿ ਕੁਝ ਮਹੱਤਵਪੂਰਨ ਕਾਰਣ ਹਨ ਜਿਹਨਾਂ ਕਰਕੇ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਆਪਣੇ ਚੋਣ ਸਿਸਟਮ ਨੂੰ ਉਸ ਚੋਣ ਸਿਸਟਮ ਵਿੱਚ ਬਦਲਣਾ ਪਵੇ ਜਿਹੜਾ ਅਨੁਪਾਤ ਪ੍ਰਤਿਨਿਧਤਾ ਤੇ ਅਧਾਰਤ ਹੈ । ਅਜਿਹੇ ਸਿਸਟਮਾਂ ਵਿੱਚ ਵਿਸ਼ੇਸ਼ ਲੱਛਣਾਂ ਕਰਕੇ ਜ਼ਿਆਦਾ ਪਾਰਟੀਆਂ ਬੜੀ ਕਾਮਯਾਬੀ ਨਾਲ ਮੁਕਾਬਲਾ ਕਰ ਲੈਂਦੀਆਂ ਹਨ । ਇਸ ਨਾਲ ਵੋਟਰਾਂ ਨੂੰ ਵਧੇਰੇ ਪਸੰਦ ਮਿਲ ਜਾਂਦੀ ਹੈ । ਇਸ ਦਾ ਸਿੱਧਾ ਨਤੀਜਾ ਇਹ ਹੈ ਕਿ ਵਿਧਾਨ ਸਭਾ ਵੱਲੋਂ ਵਧੇਰੇ ਗਰੁੱਪਾਂ ਦੀ ਆਵਾਜ਼ ਸੁਣੀ ਜਾਵੇਗੀ ਅਤੇ ਵਧੇਰੇ ਦਿਲਚਸਪੀ ਹੋਵੇਗੀ । ਇਸ ਤਰ੍ਹਾਂ ਵੋਟਰਾਂ ਦੀ ਸਮਾਜਿਕ ਬਣਤਰ ਦਾ ਵਧੇਰੇ ਅਕਸ ਪੈਂਦਾ ਹੈ । ਸੂਬੇ ਦੀ ਵਧ ਰਹੀ ਭਿੰਨਤਾ ਨੂੰ ਧਿਆਨ ਵਿੱਚ ਰਖਦਿਆਂ ਇਹ ਸਿਸਟਮ ਇਸ ਸਮੇਂ ਸਹੀ ਸਿਆਸੀ ਪ੍ਰਤਿਨਿਧਤਾ ਪ੍ਰਦਾਨ ਕਰੇਗਾ ਜਦੋਂ ਕਿ ਵੋਟਾਂ ਪਾਉਣ ਵਾਲਿਆਂ ਦੀ ਗਿਣਤੀ ਘਟਦੀ ਜਾ ਰਹੀ ਹੈ ਅਤੇ ਇਸ ਬ੍ਰਿਟਿਸ਼ ਕੋਲੰਬੀਆ ਦੇ ਨੌਜਵਾਨਾਂ ਵਿੱਚ ਲਾਪ੍ਰਵਾਹੀ ਵਧਦੀ ਜਾ ਰਹੀ ਹੈ ।

ਅਸੈਂਬਲੀ ਇਹ ਵੀ ਜਾਣਦੀ ਹੈ ਕਿ ਅਨੁਪਾਤ ਚੋਣ ਸਿਸਟਮ ਨਾਲ ਇੱਕ ਪਾਰਟੀ ਦੀ ਸਰਦਾਰੀ ਖਤਮ ਹੋ ਸਕਦੀ ਹੈ ਅਤੇ ਇਸ ਨਾਲ ਕਨਸੈਂਸੂਅਲ ਜਾਂ ਘੱਟੋ-ਘੱਟ ਕੁਲੀਸ਼ਨ (ਮਿਸ਼ਰਤ) ਸਟਾਈਲ ਦੇ ਸਿਆਸਤ ਦੇ ਮੌਕੇ ਵਧ ਜਾਂਦੇ ਹਨ । ਇਸ ਵਿੱਚ ਵਿਰੋਧੀ ਧਿਰ ਅਤੇ ਛੋਟੀਆਂ ਪਾਰਟੀਆਂ ਦੇ ਵਿਧਾਇਕਾਂ ਨੂੰ ਸੂਬੇ ਦੀ ਸਰਕਾਰ ਚਲਾਉਣ ਵਿੱਚ ਵੱਡੇ ਰੋਲ ਨਿਭਾਉਣ ਦੇ ਮੌਕੇ ਮਿਲਦੇ ਹਨ। ਇਸ ਨੂੰ ਇਹ ਵੀ ਵਿਸ਼ਵਾਸ ਹੈ ਕਿ ਤੀਖਣ ਟੀਕਾ ਟਿਪਣੀ ਭਰਪੂਰ ਸਿਆਸਤ ਜਿਸ ਨੇ ਪਿਛਲੇ ਦਹਾਕਿਆਂ ਤੋਂ ਵਿਸ਼ੇਸ਼ਤਾ ਪ੍ਰਦਾਨ ਕੀਤੀ ਹੋਈ ਹੈ, ਉਹ ਬ੍ਰਿਟਿਸ਼ ਕੋਲੰਬੀਆ ਦੀਆਂ ਸਮਕਾਲੀਨ ਕਦਰਾਂ ਕੀਮਤਾਂ ਨੂੰ ਕਾਇਮ ਰਖਦਿਆਂ ਆਪਣੀ ਸਿਆਸਤ ਠੋਸ ਸਕਦੇ ਹਨ ।

ਬਹੁਤੇ ਆਧੁਨਿਕ ਲੋਕਤੰਤਰਾਂ ਨੇ ਆਪਣੇ ਚੋਣ ਸਿਸਟਮਾਂ ਵਿੱਚ ਅਨੁਪਾਤ ਅੰਸ਼ ਪਾਇਆ ਹੋਇਆ ਹੈ । ਅਸੈਂਬਲੀ ਇਹ ਵੀ ਜਾਣਦੀ ਹੈ ਕਿ ਸਿਆਸੀ ਪਾਰਟੀਆਂ ਦੀ ਗਿਣਤੀ ਵਧਣ ਨਾਲ ਵਿਧਾਨ ਸਭਾ ਵਿਚਲੀਆਂ ਤਾਕਤਾਂ ਦਾ ਸੰਤੁਲਨ ਬਦਲ ਸਕਦਾ ਹੈ। ਨਿੱਕੀਆਂ-ਨਿੱਕੀਆਂ ਸਿਆਸੀ ਟੁਕੜੀਆਂ ਦੀ ਬਹੁਤਾਤ ਵਧਣ ਤੋਂ ਰੋਕਣ ਲਈ ਕੁਝ ਧਿਆਨ ਦੇਣ ਦੀ ਲੋੜ ਹੈ । ਇਸ ਲਈ ਪਾਰਟੀਆਂ ਨੂੰ ਨੁਮਾਇੰਦਗੀ ਦੀ ਗਰੰਟੀ ਦੇਣ ਤੋਂ ਪਹਿਲਾਂ ਕੁਝ ਅਸੂਲ ਦੱਸਣੇ ਪੈਣਗੇ, ਜਿਹਨਾਂ ਦੀ ਪਾਲਣਾ ਕਰਨੀ ਜ਼ਰੂਰੀ ਹੋਵੇਗੀ ।

*ਬਹੁਤ ਸਾਰੇ ਅਜਿਹੇ ਅਨੁਪਾਤ ਸਿਸਟਮ ਹਨ-*

ਉਹਨਾਂ ਵਿੱਚੋਂ ਕੁਝ ਕੇਵਲ ਪਾਰਟੀ ਲਿਸਟ ਫਾਰਮ ਵਿੱਚ ਹਨ । ਦੂਸਰੇ ਉਹ ਹਨ ਜਿਹਨਾਂ ਵਿੱਚ ਚੱਖਰੇ ਤੌਰ ਤੇ ਚੋਣ-ਹਲਕਾ-ਅਧਾਰਤ ਸਿਸਟਮ ਦੇ ਅੰਸ਼ ਮਿਲੇ ਹੋਏ ਹਨ । ਮੁਢਲੀਆਂ ਕਦਰਾਂ ਕੀਮਤਾਂ ਦੇ ਅਨੁਸਾਰ ਅਸੈਂਬਲੀ ਸਮਝਦੀ ਹੈ ਕਿ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਲਈ ਵਿਚਾਰ ਕਰਨ ਵਾਸਤੇ ਹੋਰ ਬਹੁਤ ਵਧੀਆ ਸੰਭਾਵਨਾਵਾਂ ਹਨ । ਦੂਸਰੇ ਪਾਸੇ ਜੋ ਸਿਸਟਮ ਵਿੱਚ ਅਨੁਪਾਤ ਦੀ ਬਹੁਲਤਾ ਦੀ ਗੱਲ ਨਹੀਂ ਕਰਦੇ, ਉਹ ਸਿੰਗਲ-ਮੈਂਬਰ-ਬਹੁ-ਸੰਖਿਆ ਸਿਸਟਮ, ਜੋ ਹੁਣ ਚਲ ਰਿਹਾ ਹੈ, ਵਿਚਲੇ ਫਾਇਦਿਆਂ ਵਿੱਚ ਬਹੁਤਾ ਕੁਝ ਨਹੀਂ ਮਿਲਾਉਂਦੇ । ਇਸੇ ਪ੍ਰਕਾਰ ਜੋ ਹੋਰ ਸਿਸਟਮਾਂ ਦੀ ਪੇਸ਼ਕਸ਼ ਕੀਤੀ ਗਈ ਹੈ, ਉਹਨਾਂ ਸਾਰਿਆਂ ਵਿੱਚ ਵੋਟਰ ਬਹੁਤ ਮਹੱਤਤਾ ਵਾਲੇ ਹਨ ਅਤੇ ਚੋਣ ਸਿਸਟਮ ਦਾ ਅਨਿੱਖੜਵਾਂ ਅੰਗ ਹਨ । ਅਸੈਂਬਲੀ ਉਹਨਾਂ ਨੂੰ ਲਾਚਾਰ ਨਹੀਂ ਦੇਖਣਾ ਚਾਹੁੰਦੀ ।

## 5. ਬ੍ਰਿਟਿਸ਼ ਕੋਲੰਬੀਆ ਵਿੱਚ ਤੁਸੀਂ ਕਿਸ ਕਿਸਮ ਦਾ ਵੋਟ ਸਿਸਟਮ ਚਾਹੁੰਦੇ ਹੋ ?

ਅਸੈਂਬਲੀ, ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਕੋਲੋਂ ਸੁਣਨਾ ਚਾਹੁੰਦੀ ਹੈ । ਇਹ ਸੁਣਨਾ ਚਾਹੁੰਦੀ ਹੈ ਕਿ ਕੀ ਉਹ ਉਹਨਾਂ ਦੀ ਇਹ ਧਾਰਨਾ ਸਾਂਝੀ ਕਰਦੇ ਹਨ ਕਿ ਸੂਬੇ ਦੇ ਚੋਣ ਸਿਸਟਮ ਵਿੱਚ ਸਥਾਨਕ ਪ੍ਰਤਿਨਿਧਤਾ ਦੀ ਲੋੜ ਇੱਕ ਮਹੱਤਵਪੂਰਨ ਅੰਸ਼ ਹੈ । ਉਹ ਇਹ ਸੁਣਨਾ ਚਾਹੁੰਦੇ ਹਨ ਕਿ ਉਹ ਇਸ ਨਾਲ ਸਹਿਮਤ ਹਨ ਕਿ ਵੱਧ ਅਨੁਪਾਤ ਸਿਸਟਮ ਸੂਬੇ ਦੀ ਜਨ ਸੰਖਿਆ ਦੀਆਂ ਕਦਰਾਂ ਕੀਮਤਾਂ ਨੂੰ ਵਧੇਰੇ ਪ੍ਰਤਿਬਿੰਬਤ ਕਰੇਗਾ । ਇਹ ਇਹ ਵੀ ਸੁਣਨਾ ਚਾਹੁੰਦੇ ਹਨ ਕਿ ਚੋਣਾਂ ਸਮੇਂ ਉਹ ਕਿਸ ਪ੍ਰਕਾਰ ਦੀਆਂ ਚੋਣ ਵੰਨਗੀਆਂ ਦੇਖਣੀਆਂ ਚਾਹੁੰਦੇ ਹਨ ਅਤੇ ਅਸੀਂ ਬੜੀ ਬੇਸਬਰੀ ਨਾਲ ਇਹ ਸੁਣਨਾ ਚਾਹੁੰਦੇ ਹਾਂ ਕਿ ਸਾਥੀ ਸ਼ਹਿਰੀ ਕਿਸ ਪ੍ਰਕਾਰ ਦੇ ਚੋਣ ਸਿਸਟਮ ਵਿੱਚ ਵਿਸ਼ਵਾਸ ਕਰਦੇ ਹਨ ਜਿਹੜਾ ਕਿ ਸਾਡੀਆਂ ਸਾਂਝੀਆਂ ਕਦਰਾਂ ਕੀਮਤਾਂ ਦੀ ਵਧੀਆ ਤਰਜਮਾਨੀ ਕਰਦਾ ਹੋਵੇ ।

ਅਸੀਂ ਇਹਨਾਂ ਅਤੇ ਚੋਣ ਸਿਸਟਮ ਦੇ ਹੋਰ ਪਹਿਲੂਆਂ, ਜਿਸ ਨੂੰ ਬ੍ਰਿਟਿਸ਼ ਕੋਲੰਬੀਆ ਨਿਵਾਸੀ ਸਮਝਦੇ ਹੋਣ ਕਿ ਇਹ ਸਾਡੇ ਸੂਬੇ ਦੇ ਲੋਕਤੰਤਰਿਕ ਪ੍ਰਕ੍ਰਿਆ ਵਿੱਚ ਕੁਝ ਵਾਧਾ ਕਰਨਗੇ, ਦੀ ਪ੍ਰਤੀਪੁਸ਼ਟੀ ਦਾ ਸੁਆਗਤ ਕਰਾਂਗੇ । ਸੂਬੇ ਭਰ ਵਿੱਚ ਮਈ ਜੂਨ ਵਿੱਚ ਜਨਤਕ ਮੀਟਿੰਗਾਂ ਕੀਤੀਆਂ ਜਾ ਰਹੀਆ ਹਨ । ਅਸੀਂ ਤੁਹਾਡੇ ਪੂਰੇ ਵਿਚਾਰਾਂ ਨੂੰ ਬੜੇ ਧਿਆਨ ਨਾਲ ਸੁਣਨਾ ਚਾਹਾਂਗੇ । ਤੁਹਾਨੂੰ ਇਸ ਲਈ ਵੀ ਉਤਸ਼ਾਹਿਤ ਕਰਦੇ ਹਾਂ ਕਿ ਤੁਸੀਂ ਆਪਣੇ ਲਿਖਤੀ ਵਿਚਾਰ ਸਾਡੀ ਵੈਬਸਾਈਟ ਰਾਹੀਂ ਸਾਡੇ ਪਾਸ ਪਹੁੰਚਾਓ ਜਾਂ ਅਸੈਂਬਲੀ ਦੇ ਦਫਤਰ ਵਿੱਚ ਭੇਜੋ ।

ਜ਼ਾਰੀ ਕਰਤਾ: ਸਿਟੀਜਨਜ਼ ' ਅਸੈਂਬਲੀ ਔਨ ਇਲੈਕਟੋਰਲ
ਰੀਫੌਰਮ

ਐਟ ਮੋਰਿਸ ਜੇ ਵੌਸਕ ਸੈਂਟਰ ਫਾਰ ਡਾਇਆਲੌਗ

ਮਾਰਚ 21, 2004

ਅਸੈਂਬਲੀ ਦਾ ਕੰਮ ਅੰਗ੍ਰੇਜ਼ੀ ਭਾਸ਼ਾ ਵਿੱਚ ਹੁੰਦਾ ਹੈ
ਅਤੇ ਜਨਤਕ ਮੀਟਿੰਗਾਂ ਤੇ ਸੁਣਵਾਈ ਅੰਗ੍ਰੇਜ਼ੀ ਭਾਸ਼ਾ ਵਿੱਚ ਕੀਤੀ ਜਾਂਦੀ ਹੈ ।